# ਪਟਾਕਿਆਂ ਦੇ ਪ੍ਰਦੂਸ਼ਣ ਦੀ ਜਾਂਚ ਲਈ 6 ਜ਼ਿਲ੍ਹਿਆਂ 'ਚ ਲੱਗੀਆਂ ਮਸ਼ੀਨਾਂ

ਜਲੰਧਰ, 29 ਅਕਤੂਬਰ (ਸ਼ਿਵ ਸ਼ਰਮਾ)-ਐਤਵਾਰ ਨੂੰ ਦੀਵਾਲੀ 'ਤੇ ਚੱਲਣ ਵਾਲੇ ਪਟਾਕਿਆਂ ਦੇ ਪ੍ਰਦੂਸ਼ਣ ਦੀ ਜਾਂਚ ਕਰਨ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਵਿਭਾਗ ਨੇ 6 ਜ਼ਿਲ੍ਹਿਆਂ ਵਿਚ ਆਪਣੀਆਂ ਮਸ਼ੀਨਾਂ ਲਗਾ ਦਿੱਤੀਆਂ ਹਨ, ਜਿਨ੍ਹਾਂ ਦੇ ਨਤੀਜੇ ਸੋਮਵਾਰ ਤੋਂ ਬਾਅਦ ਆਉਣ ਦੀ ਸੰਭਾਵਨਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਹਰ ਸਾਲ ਦੀਵਾਲੀ ਨੂੰ ਚੱਲਣ ਵਾਲੇ ਪਟਾਕਿਆਂ ਦੇ ਪ੍ਰਦੂਸ਼ਣ ਦੀ ਜਾਂਚ ਲਈ ਮਸ਼ੀਨਾਂ ਲਗਾਉਂਦਾ ਹੈ ਤੇ ਜਿਨ੍ਹਾਂ ਜ਼ਿਲ੍ਹਿਆਂ ਵਿਚ ਇਹ ਮਸ਼ੀਨਾਂ ਲਗਾਈਆਂ ਗਈਆਂ ਹਨ, ਉਨ੍ਹਾਂ ਵਿਚ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਮੰਡੀ ਗੋਬਿੰਦਗੜ੍ਹ, ਪਟਿਆਲਾ, ਮੋਹਾਲੀ ਸ਼ਾਮਿਲ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਮਨਪ੍ਰੀਤ ਸਿੰਘ ਛਤਵਾਲ ਤੇ ਡਿਪਟੀ ਡਾਇਰੈਕਟਰ ਚਰਨਜੀਤ ਸਿੰਘ ਮੁਤਾਬਿਕ ਹਰ ਸ਼ਹਿਰ ਵਿਚ ਦੋ-ਦੋ ਮਸ਼ੀਨਾਂ ਲਗਾਈਆਂ ਗਈਆਂ ਹਨ ਤੇ ਇਹ ਮਸ਼ੀਨਾਂ ਵਪਾਰਕ ਤੇ ਰਿਹਾਇਸ਼ੀ ਇਲਾਕੇ ਵਿਚ ਲਗਾਈਆਂ ਗਈਆਂ ਹਨ। ਮਸ਼ੀਨਾਂ ਰਾਹੀਂ ਪ੍ਰਦੂਸ਼ਣ ਦੇ ਮਿਆਰ, ਹਵਾ ਵਿਚ ਧੂੜ ਦੀ

(ਬਾਕੀ ਸਫ਼ਾ 6 'ਤੇ)

ਅਜੀਤ
30-10-2016 Page - 1
http://epaper.ajitjalandhar.com/edition/20161030/8/1/1.cms

# ਪਟਾਕਿਆਂ ਦੇ ਪ੍ਰਦੂਸ਼ਣ ਦੀ ਜਾਂਚ ਲਈ 6 ਜ਼ਿਲ੍ਹਿਆਂ 'ਚ ਲੱਗੀਆਂ ਮਸ਼ੀਨਾਂ

(ਸਫਾ 1 ਦੀ ਬਾਕੀ)

ਮਾਤਰਾ, ਸਲਫ਼ਰ ਡਾਈਕਸਾਈਡ, ਨਾਈਟਰੋਜਨ ਆਕਸਾਈਡ ਗੈਸ ਤੇ ਆਵਾਜ਼ ਪ੍ਰਦੂਸ਼ਣ ਦੀ ਜਾਂਚ ਕੀਤੀ ਜਾਵੇਗੀ। ਸਾਰੀਆਂ ਮਸ਼ੀਨਾਂ ਐਤਵਾਰ ਸਵੇਰ ਤੋਂ ਹੀ ਕੰਮ ਕਰਨਾ ਸ਼ੁਰੂ ਕਰ ਦੇਣਗੀਆਂ ਤੇ ਸੋਮਵਾਰ ਤੋਂ ਬਾਅਦ ਮਸ਼ੀਨਾਂ ਤੋਂ ਡਾਟਾ ਲੈ ਕੇ ਇਸ ਬਾਰੇ ਜਾਣਕਾਰੀ ਲਈ ਜਾਏਗੀ ਕਿ ਮੁੱਖ ਸ਼ਹਿਰਾਂ ਵਿਚ ਪਟਾਕਿਆਂ ਨਾਲ ਕਿੰਨਾ ਪ੍ਰਦੂਸ਼ਣ ਹੋਇਆ ਹੈ। ਉੱਧਰ ਬੋਰਡ ਸੂਤਰਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਪਟਾਕਿਆਂ ਦੇ ਪ੍ਰਦੂਸ਼ਣ ਬਾਰੇ ਜਾਗਰੂਕ ਕਰਨ ਕਰਕੇ ਪਿਛਲੀਆਂ ਤਿੰਨ ਦੀਵਾਲੀ ਮੌਕੇ ਪ੍ਰਦੂਸ਼ਣ ਕਾਫ਼ੀ ਘੱਟ ਮਾਤਰਾ ਵਿਚ ਆਇਆ ਹੈ। ਇਹ ਅਸਰ ਲੋਕਾਂ ਨੂੰ ਪਟਾਕਿਆਂ ਦੇ ਪ੍ਰਦੂਸ਼ਣ ਬਾਰੇ ਜਾਗਰੂਕ ਕਰਕੇ ਹੀ ਸੰਭਵ ਹੋਇਆ ਹੈ। ਉੱਧਰ ਇਸ ਵਾਰ ਚੀਨ ਦੇ ਸਾਮਾਨ ਦੇ ਬਾਈਕਾਟ ਦੇ ਸੱਦੇ ਕਰਕੇ ਚੀਨ ਦੇ ਪਟਾਕਿਆਂ ਦੀ ਵਿਕਰੀ ਵਿਚ ਹੀ 30 ਫ਼ੀਸਦੀ ਜ਼ਿਆਦਾ ਕਟੌਤੀ ਹੋਈ ਹੈ ਤੇ ਪਟਾਕਾ ਕਾਰੋਬਾਰੀਆਂ ਦਾ ਤਾਂ ਕਹਿਣਾ ਹੈ ਕਿ ਇਸ ਵਾਰ ਤਾਂ ਜ਼ਿਆਦਾ ਨਵਾਂ ਪਟਾਕਾ ਵਿਕਰੀ ਲਈ ਨਹੀਂ ਲਿਆਂਦਾ ਗਿਆ ਹੈ ਕਿਉਂਕਿ ਕਈ ਕਾਰੋਬਾਰੀਆਂ ਕੋਲ ਪਿਛਲੇ ਸਾਲ ਦਾ ਪਟਾਕਾ ਪਿਆ ਹੈ। ਪਿਛਲੇ ਸਾਲ ਕਾਲੀ ਦੀਵਾਲੀ ਦੇ ਸੱਦੇ ਕਰਕੇ ਪਟਾਕਿਆਂ ਦੀ ਵਿਕਰੀ ਬਿਲਕੁਲ ਨਾ ਦੇ ਬਰਾਬਰ ਹੋਈ ਹੈ। ਪੰਜਾਬ ਵਿਚ ਉਂਜ ਪਟਾਕਿਆਂ ਦੀ ਵਿਕਰੀ ਦੇ ਪੱਕੇ ਅੰਕੜੇ ਨਹੀਂ ਹਨ, ਪਰ ਜਾਣਕਾਰੀ ਮੁਤਾਬਿਕ ਕਰੀਬ 400 ਕਰੋੜ ਦੇ ਪਟਾਕਿਆਂ ਦੀ ਵਿਕਰੀ ਹਰ ਸਾਲ ਹੁੰਦੀ ਦੱਸੀ ਜਾਂਦੀ ਹੈ। ਚੀਨ ਦੇ ਪਟਾਕਿਆਂ ਦੀ ਵਿਕਰੀ ਘਟਣ ਕਰਕੇ ਇਸ ਵਾਰ ਚੇਨਈ, ਉੱਤਰ ਪ੍ਰਦੇਸ਼ ਤੋਂ ਪਟਾਕੇ ਵਿਕਰੀ ਲਈ ਲਿਆਂਦੇ ਗਏ ਹਨ।

ਅਜੀਤ
30-10-2016 Page - 6
http://epaper.ajitjalandhar.com/edition/20161030/8/6/6.cms